BC Centre for Disease Control
Provincial Health Services Authority

BCCDC Clinical Prevention Services - STI Control
655 West 12th Avenue
Vancouver, BC V5Z 4R4

604.707.5600
604.707.5604
bccdc.ca
SmartSexResource.com

# ਸਿਫ਼ਲਿਸ (ਆਤਸ਼ਕ) ਦੇ ਟ੍ਰੀਟਮੈਂਟ ਲਈ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A)

## Penicillin G Benzathine (Bicillin® L-A)

## For Treatment of Syphilis

**ਲੰਮੇ ਸਮੇਂ ਤਕ ਅਸਰ ਕਰਨ ਵਾਲੀ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A)** ਸਿਫ਼ਲਿਸ ਵਾਸਤੇ ਤਰਜੀਹੀ ਐਂਟੀਬਾਇਓਟਿਕ ਟ੍ਰੀਟਮੈਂਟ ਹੈ। ਹਰ ਖ਼ੁਰਾਕ ਵਾਸਤੇ ਮਾਸਪੇਸ਼ੀਆਂ ਵਿੱਚ ਦੋ ਟੀਕੇ ਲਗਾਏ ਜਾਂਦੇ ਹਨ, ਇੱਕੋ ਫ਼ੇਰੀ ਦੌਰਾਨ ਹਰ ਇੱਕ ਚਿੱਤੜ (ਮਨਪਸੰਦ ਜਗ੍ਹਾ) ਵਿਚ ਇੱਕ ਇੱਕ ਟੀਕਾ ਲਗਾਇਆ ਜਾਂਦਾ ਹੈ।

**ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀ ਇੱਕ ਖ਼ੁਰਾਕ** ਆਮ ਤੌਰ ’ਤੇ ਸਿਫ਼ਲਿਸ ਦੇ ਇਲਾਜ ਲਈ ਕਾਫ਼ੀ ਹੁੰਦੀ ਹੈ। ਪਰ ਜੇ ਇਨਫ਼ੈਕਸ਼ਨ ਇੱਕ ਸਾਲ ਤੋਂ ਵੱਧ ਸਮੇਂ ਲਈ ਜਾਂ ਅਣਜਾਣੇ ਸਮੇਂ ਤੋਂ ਚਲਦੀ ਆ ਰਹੀ ਹੈ ਤਾਂ ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀਆਂ ਜ਼ਿਆਦਾ ਖ਼ੁਰਾਕਾਂ ਦੀ ਲੋੜ ਪੈ ਸਕਦੀ ਹੈ; ਇਹ ਟੀਕੇ ਤਿੰਨ ਹਫ਼ਤਿਆਂ ਦੌਰਾਨ ਹਰ ਹਫ਼ਤੇ ਇੱਕ ਵਾਰੀ ਲਗਾਏ ਜਾਂਦੇ ਹਨ।

### ਐਲਰਜੀਆਂ (Allergies)

- ਜੇ ਤੁਹਾਨੂੰ ਪੈਨਸਿਲੀਨ ਜਾਂ ਸੈਫਲੋਸਪੋਰੀਨ ਤੋਂ ਐਂਟੀਬਾਇਟਕ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ:
  - ਜਿਵੇਂ ਕਿ ਪੈਨਸਿਲਿਨ ਵੀ-ਕੇ, ਐਮੌਕਸੀਲਿਨ (Amoxil® – ਐਮੌਕਸਿਲ)
  - ਜਿਵੇਂ ਕਿ ਸੇਫਿਕਸੀਨ (Suprax® – ਸੁਪਰੈਕਸ), ਸੇਫਾਲੈਕਸੀਨ (Keflex® – ਕੀਫਲੈਕਸ), ਸੀਫੈਕਟਰ (Ceclor® – ਸ਼ੈਕਲੋਰ)

### ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਜੇ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਂਦੇ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।
- ਜੇ ਗਰਭਵਤੀ ਹੋਣ ਜਾਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਟ੍ਰੀਟਮੈਂਟ ਮਿਲਣਾ ਬਹੁਤ ਮਹੱਤਵਪੂਰਣ ਹੈ।
- ਜੇ ਤੁਹਾਡਾ ਅੱਧਾ ਗਰਭਕਾਲ ਪੂਰਾ ਹੋ ਜਾਣ ਤੋਂ ਬਾਅਦ ਤੁਹਾਡਾ ਸਿਫ਼ਲਿਸ ਟ੍ਰੀਟਮੈਂਟ ਕੀਤਾ ਜਾ ਰਿਹਾ ਹੈ ਤਾਂ ਧਿਆਨ ਦੇਣ ਯੋਗ ਵਿਸ਼ੇਸ਼ ਚੀਜ਼ਾਂ ਬਾਰੇ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਵਿਚਾਰ-ਵਟਾਂਦਰਾ ਕਰੋ।

### ਸਾਵਧਾਨੀ (Caution)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

### ਟ੍ਰੀਟਮੈਂਟ ਤੋਂ ਬਾਅਦ ਆਪਣੀ ਦੇਖਭਾਲ (Care of Yourself After Treatment)

- ਬਿਸੀਲਿਨ- ਐੱਲ.ਏ. (Bicillin® L-A) ਦੇ ਟੀਕੇ ਲਗਾਉਣ ਤੋਂ ਬਾਅਦ ਤੁਹਾਨੂੰ ਕਲੀਨਿਕ ਵਿੱਚ 15 ਮਿੰਟਾਂ ਲਈ ਇੰਤਜ਼ਾਰ ਕਰਨ ਵਾਸਤੇ ਕਿਹਾ ਜਾਵੇਗਾ।



*Last review by BCCDC Pharmacy: February 2024 - Punjabi*

- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਡੇ ਵਿੱਚ ਕੋਈ ਰੀਐਕਸ਼ਨ ਹੋਵੇ (ਜਿਵੇਂ ਕਿ ਧੱਫੜ, ਖਾਜ, ਜਾਂ ਸਾਹ ਲੈਣ ਵਿੱਚ ਮੁਸ਼ਕਲ) ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਕਲੀਨਿਕ ਤੋਂ ਜਾਣ ਮਗਰੋਂ ਇਹ ਲੱਛਣ ਸਾਹਮਣੇ ਆਉਣ ਤਾਂ ਤੁਰੰਤ ਐਮਰਜੈਂਸੀ ਦੇਖਭਾਲ ਹਾਸਲ ਕਰੋ (9-1-1 'ਤੇ ਫੋਨ ਕਰੋ ਜਾਂ ਹਸਪਤਾਲ ਜਾਂ ਅਰਜੈਂਟ ਕੇਅਰ ਸੈਂਟਰ ਵਿਖੇ ਜਾਓ)।

## ਮਾੜੇ ਪ੍ਰਭਾਵ (Side Effects)

- ਟੀਕੇ ਵਾਲੀ ਥਾਂ 'ਤੇ ਤੁਹਾਨੂੰ ਥੋੜ੍ਹਾ ਸਮਾਂ ਰਹਿਣ ਵਾਲਾ ਮਾਮੂਲੀ ਦਰਦ ਹੋ ਸਕਦਾ ਹੈ।
- ਟ੍ਰੀਟਮੈਂਟ ਤੋਂ ਬਾਅਦ ਤੁਹਾਨੂੰ ਦਸਤ ਲੱਗ ਸਕਦੇ ਹਨ।
- ਕਈਆਂ ਨੂੰ **ਯੈਰਿਸ਼-ਹਰਕਜ਼ਹਾਈਮਰ ਰੀਐਕਸ਼ਨ** ਹੋ ਸਕਦਾ ਹੈ**:** ਬੁਖ਼ਾਰ, ਕੰਬਣੀ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਜਾਂ ਥਕਾਵਟ।
  - ਯੈਰਿਸ਼-ਹਰਕਜ਼ਹਾਈਮਰ ਰੀਐਕਸ਼ਨ ਥੋੜ੍ਹਾ ਸਮਾਂ ਰਹਿਣ ਵਾਲੇ ਮਾੜੇ ਪ੍ਰਭਾਵਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਸਿਫ਼ਲਿਸ ਦੇ ਟ੍ਰੀਟਮੈਂਟ ਤੋਂ ਬਾਅਦ ਕੁਝ ਘੰਟਿਆਂ ਦੇ ਅੰਦਰ-ਅੰਦਰ ਵਾਪਰ ਸਕਦਾ ਹੈ; ਪਰ ਸਭ ਨੂੰ ਇਹ ਰੀਐਕਸ਼ਨ ਨਹੀਂ ਹੋਵੇਗਾ।
  - ਚਿੰਤਾ ਨਾ ਕਰੋ, **ਇਹ ਕੋਈ ਐਲਰਜਿਕ ਪ੍ਰਤੀਕਰਮ ਨਹੀਂ ਹੈ** ਅਤੇ ਆਮ ਤੌਰ 'ਤੇ 24 ਘੰਟੇ ਦੇ ਅੰਦਰ ਖ਼ਤਮ ਹੋ ਜਾਂਦਾ ਹੈ।
  - ਲੱਛਣਾਂ ਵਿੱਚ ਰਾਹਤ ਲਈ ਤੁਸੀਂ ਅਸੀਟਾਮਿਨੋਫ਼ੇਨ (ਟਾਇਲੇਨੌਲ - Tylenol®) ਜਾਂ ਆਈਬੂਪ੍ਰੋਫ਼ਿਨ (ਐਡਵਿਲ - Advil®) ਲੈ ਸਕਦੇ ਹੋ।
- ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹੇ ਜਾਂ ਬਦਤਰ ਹੋ ਜਾਵੇ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਸਿਫ਼ਲਿਸ ਦੇ ਪੜਾਅ (Stages of Syphilis)

- ਟ੍ਰੀਟਮੈਂਟ ਅਤੇ ਫ਼ਾਲੋ-ਅੱਪ ਸੰਬੰਧੀ ਸਿਫ਼ਾਰਿਸ਼ਾਂ ਇਸ ਗੱਲ ਉੱਪਰ ਨਿਰਭਰ ਕਰਦੀਆਂ ਹਨ ਕਿ ਸਿਫ਼ਲਿਸ ਦੀ ਇਨਫ਼ੈਕਸ਼ਨ ਤੁਹਾਡੇ ਸਰੀਰ ਅੰਦਰ ਕਦੋਂ ਤੋਂ ਮੌਜੂਦ ਹੈ। ਤੁਸੀਂ ਸਿਫ਼ਲਿਸ ਦੇ ਕਿਹੜਾ ਪੜਾਅ ਹੰਢਾ ਰਹੇ ਹੋ ਅਤੇ ਇਸ ਲਈ ਕਿਹੜੇ ਟ੍ਰੀਟਮੈਂਟ ਦੀ ਲੋੜ ਹੈ ਇਸ ਬਾਰੇ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ। ਤੁਹਾਡੇ ਜੀਵਨ ਸਾਥੀ ਨਾਲ ਫਾਲੋ-ਅੱਪ ਕਰਨ ਅਤੇ ਫਾਲੋ-ਅੱਪ ਟੈਸਟਿੰਗ ਸੰਬੰਧੀ ਸਿਫ਼ਾਰਿਸ਼ਾਂ ਬਾਰੇ ਗੱਲਬਾਤ ਕਰਨ ਲਈ ਪਬਲਿਕ ਹੈਲਥ ਵੱਲੋਂ ਤੁਹਾਨੂੰ ਕਿਸੇ ਨਰਸ ਦਾ ਫ਼ੋਨ ਵੀ ਆ ਸਕਦਾ ਹੈ (ਅਗਲੇ ਪੰਨੇ ਉੱਪਰ ਦਿੱਤਾ ਟੇਬਲ ਦੇਖੋ)।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

# ਸਿਫ਼ਲਿਸ: ਕੀ ਜਾਣਨਾ ਜ਼ਰੂਰੀ ਹੈ (SYPHILIS: WHAT TO KNOW)

<table>
<tr><th>ਛੂਤਕਾਰੀ ਸਿਫ਼ਲਿਸ<br>(ਪ੍ਰਾਈਮਰੀ, ਸੈਕੰਡਰੀ, ਸ਼ੁਰੂਆਤੀ ਗੁਪਤ)</th><th>ਅਣਪਛਾਤੀ ਮਿਆਦ ਵਾਲੀ ਗੁਪਤ ਸਿਫ਼ਲਿਸ<br>(ਐੱਲ.ਐੱਸ.ਯੂ.ਡੀ.)* ਅਤੇ ਦੇਰ ਤਕ ਗੁਪਤ ਰਹਿਣ ਵਾਲੀ ਸਿਫ਼ਲਿਸ</th></tr>
<tr><td><ul><li>ਤੁਹਾਡੇ ਗੁਪਤ ਅੰਗ ’ਤੇ ਜਾਂ ਮੂੰਹ ਅੰਦਰ ਛਾਲੇ ਜਾਂ ਧੱਫੜ ਜਿਹੇ ਲੱਛਣ ਹੋ ਸਕਦੇ ਹਨ।</li><li>ਸੰਭਵ ਹੈ ਕਿ ਕੋਈ ਲੱਛਣ ਨਾ ਹੋਣ ਪਰ ਇਹ ਫ਼ਿਰ ਵੀ ਫੇਲ ਸਕਦੀ ਹੈ।</li><li>ਇਨਫ਼ੈਕਸ਼ਨ ਕਿੰਨੀ ਦੇਰ ਰਹਿੰਦੀ ਹੈ: ਇੱਕ ਸਾਲ ਤੋਂ ਘੱਟ।</li></ul></td><td><ul><li>“ਲੁਕਵੀਂ” ਇਨਫ਼ੈਸ਼ਨ ਜਿਸ ਵਿੱਚ ਕੋਈ ਲੱਛਣ ਵੀ ਨਹੀਂ ਹੁੰਦੇ ਅਤੇ ਇਹ ਤੁਹਾਡੇ ਤੋਂ ਅੱਗੇ ਫੈਲਦੀ ਵੀ ਨਹੀਂ, ਪਰ ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਇਨਫ਼ੈਕਸ਼ਨ ਕਾਰਣ ਅੰਦਰੂਨੀ ਨੁਕਸਾਨ ਹੋ ਸਕਦਾ ਹੈ।</li><li>ਇਨਫ਼ੈਕਸ਼ਨ ਕਿੰਨੀ ਦੇਰ ਰਹਿੰਦੀ ਹੈ: ਇੱਕ ਸਾਲ ਤੋਂ ਵੱਧ ਜਾਂ ਅਣਪਛਾਤੇ ਅਰਸੇ ਲਈ।</li></ul>*ਕਿਉਂਕਿ ਇਨਫ਼ੈਕਸ਼ਨ ਦੀ ਮਿਆਦ ਅਣਪਛਾਤੀ ਹੁੰਦੀ ਹੈ ਇਸ ਲਈ ਇਹ ਤੁਹਾਡੇ ਤੋਂ ਕਿਸੇ ਹੋਰ ਨੂੰ ਹੋ ਵੀ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ।</td></tr>
<tr><th colspan="2">ਟ੍ਰੀਟਮੈਂਟ</th></tr>
<tr><td><ul><li>ਬਿਸੀਲਿਨ ਐੱਲ.ਏ.-Bicillin® L-A 2.4 ਮਿਲੀਅਨ ਯੂਨਿਟ ਦੀ ਇੱਕ ਖ਼ੁਰਾਕ ਮਾਸਪੇਸ਼ੀਆਂ ਵਿਚ</li><li>1.2 ਮਿਲੀਅਨ ਦੀ ਇੱਕ ਖ਼ੁਰਾਕ ਦੇ ਦੋਹਾਂ ਚਿੱਤੜਾਂ ਦੀ ਮਾਸਪੇਸ਼ੀਆਂ ਵਿੱਚ ਦੋ ਟੀਕੇ ਲਗਾਏ ਜਾਂਦੇ ਹਨ, ਇੱਕੋ ਫ਼ੇਰੀ ਦੌਰਾਨ ਇੱਕ ਇੱਕ ਟੀਕਾ ਲਗਾਇਆ ਜਾਂਦਾਂ ਹੈ।</li><li>ਜੇ ਤੁਹਾਨੂੰ ਸਿਫ਼ਲਿਸ ਦੇ ਛਾਲੇ ਜਾਂ ਧੱਫੜ ਜਿਹੇ ਲੱਛਣ ਹੋਣ ਤਾਂ ਇਹ 2-4 ਹਫ਼ਤਿਆਂ ਦੇ ਅੰਦਰ-ਅੰਦਰ ਠੀਕ ਹੋ ਜਾਣੇ ਚਾਹੀਦੇ ਹਨ।</li><li>ਜੇ ਇੰਨੇ ਸਮੇਂ ਦੇ ਅੰਦਰ-ਅੰਦਰ ਲੱਛਣ ਠੀਕ ਨਾ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।</li></ul></td><td><ul><li>ਬਿਸੀਲਿਨ ਐੱਲ.ਏ. – Bicillin® L-A) 2.4 ਮਿਲੀਅਨ ਯੂਨਿਟ ਦੀਆਂ 3 ਖ਼ੁਰਾਕਾਂ ਜੋ 3 ਹਫ਼ਤਿਆਂ ਲਈ ਹਫ਼ਤੇ ਵਿੱਚ ਇੱਕ ਵਾਰੀ (7 ਦਿਨਾਂ ਦੀ ਵਿੱਥ ’ਤੇ) ਦਿੱਤੀ ਜਾਂਦੀ ਹੈ।</li><li>1.2 ਮਿਲੀਅਨ ਯੂਨਿਟ ਦੀ ਹਰ ਖ਼ੁਰਾਕ ਮਾਸਪੇਸ਼ੀਆਂ ਵਿੱਚ ਇੱਕੋ ਫ਼ੇਰੀ ਦੌਰਾਨ ਦੋਹਾਂ ਚਿੱਤੜਾਂ ਵਿਚ ਇੱਕ ਇੱਕ ਟੀਕਾ ਲਗਾਇਆ ਜਾਂਦਾਂ ਹੈ।</li><li>ਮੁਕੰਮਲ ਟ੍ਰੀਟਮੈਂਟ = 3 ਹਫ਼ਤਿਆਂ ਵਿੱਚ 7.2 ਮਿਲੀਅਨ ਯੂਨਿਟ।</li></ul></td></tr>
<tr><th colspan="2">ਸਾਥੀ ਨੂੰ ਸੂਚਿਤ ਕਰਨਾ ਅਤੇ ਫ਼ਾਲੋ-ਅੱਪ</th></tr>
<tr><td><ul><li>ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਜਾਂ ਇਸ ਦੇ ਲੱਛਣ ਸ਼ੁਰੂ ਹੋਣ ਵਾਲੇ ਸਮੇਂ ਤੋਂ ਪਹਿਲਾਂ ਵਾਲੇ 3 ਮਹੀਨਿਆਂ ਦੌਰਾਨ ਤੁਹਾਡੇ ਕਾਮੁਕ ਸਾਥੀਆਂ ਨੂੰ ਸਿਫ਼ਲਿਸ ਸੰਬੰਧੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਸਿਫ਼ਲਿਸ ਦੀ ਸੰਭਾਵੀ ਇਨਫ਼ੈਕਸ਼ਨ ਲਈ ਟ੍ਰੀਟਮੈਂਟ ਕਰਵਾਉਣਾ ਚਾਹੀਦਾ ਹੈ।</li><li>ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਜਾਂ ਇਸ ਦੇ ਲੱਛਣ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ 3 ਮਹੀਨੇ ਤੋਂ ਵੀ ਪੁਰਾਣੇ ਤੁਹਾਡੇ ਕਾਮੁਕ ਸਾਥੀਆਂ ਨੂੰ ਵੀ ਟੈਟਸ ਕਰਵਾਉਣ ਦੀ ਲੋੜ ਪੈ ਸਕਦੀ ਹੈ।</li></ul></td><td>ਅਣਪਛਾਤੀ ਮਿਆਦ ਵਾਲੀ ਗੁਪਤ ਸਿਫ਼ਲਿਸ<ul><li>ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਤੋਂ ਪਹਿਲਾਂ ਵਾਲੇ 3 ਮਹੀਨਿਆਂ ਦੌਰਾਨ ਤੁਹਾਡੇ ਸਾਰੇ ਕਾਮੁਕ ਸਾਥੀਆਂ ਨੂੰ ਸਿਫ਼ਲਿਸ ਸੰਬੰਧੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਸਿਫ਼ਲਿਸ ਦੀ ਸੰਭਾਵੀ ਇਨਫ਼ੈਕਸ਼ਨ ਲਈ ਟ੍ਰੀਟਮੈਂਟ ਕਰਵਾਉਣਾ ਚਾਹੀਦਾ ਹੈ।</li><li>ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਤੋਂ ਪਹਿਲਾਂ ਵਾਲੇ 3 ਮਹੀਨਿਆਂ ਤੋਂ ਲੈ ਕੇ 1 ਸਾਲ ਦੇ ਵਿਚਕਾਰ ਰਹੇ ਤੁਹਾਡੇ ਸਾਰੇ ਕਾਮੁਕ ਸਾਥੀਆਂ ਨੂੰ ਸਿਰਫ਼ ਸਿਫ਼ਲਿਸ ਦਾ ਟੈਸਟ ਕਰਵਾਉਣ, ਜਾਂ ਬੀ.ਸੀ.ਸੀ.ਡੀ.ਸੀ. ਦੀ ਸਿਫ਼ਲਿਸ ਟੀਮ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।</li></ul></td></tr>
</table>

| ਛੂਤਕਾਰੀ ਸਿਫ਼ਲਿਸ (ਪ੍ਰਾਈਮਰੀ, ਸੈਕੰਡਰੀ, ਸ਼ੁਰੂਆਤੀ ਗੁਪਤ) | ਅਣਪਛਾਤੀ ਮਿਆਦ ਵਾਲੀ ਗੁਪਤ ਸਿਫ਼ਲਿਸ (ਐੱਲ.ਐੱਸ.ਯੂ.ਡੀ.)* ਅਤੇ ਦੇਰ ਤਕ ਗੁਪਤ ਰਹਿਣ ਵਾਲੀ ਸਿਫ਼ਲਿਸ |
|---|---|
| **ਸਾਥੀ ਨੂੰ ਸੂਚਿਤ ਕਰਨਾ ਅਤੇ ਫਾਲੋ-ਅੱਪ (ਚਲਦਾ)** | |
| | ***ਦੇਰ ਤਕ ਗੁਪਤ ਰਹਿਣ ਵਾਲੀ ਸਿਫ਼ਲਿਸ***<br>ਹੇਠ ਲਿਖੇ ਵਿਅਕਤੀਆਂ ਲਈ ਸਿਰਫ਼ ਸਿਫ਼ਲਿਸ ਦਾ ਟੈਸਟ ਕਰਵਾਉਣ ਦੀ ਹੀ ਸਿਫ਼ਾਰਿਸ਼ ਕੀਤੀ ਜਾਂਦੀ ਹੈ:<br>• ਲੰਮੇ ਸਮੇਂ ਤੋਂ ਜਿਨਸੀ ਸੰਪਰਕ ਵਾਲੇ ਸਾਰੇ ਵਿਅਕਤੀ।<br>• ਉਹ ਬੱਚੇ ਜਿਨ੍ਹਾਂ ਦੀ ਗਰਭ ਅਵਸਥਾ ਵਾਲੀ ਮਾਂ ਵਿੱਚ ਗੁਪਤ ਸਿਫ਼ਲਿਸ ਦੀ ਦੇਰ ਨਾਲ ਪਛਾਣ ਹੁੰਦੀ ਹੈ। |
| **ਵਿਸ਼ੇਸ਼ ਹਿਦਾਇਤਾਂ** | |
| • ਆਪਣੇ ਟ੍ਰੀਟਮੈਂਟ ਤੋਂ ਬਾਅਦ 1 ਹਫ਼ਤੇ (7 ਦਿਨ) ਤਕ ਸੰਭੋਗ ਨਾ ਕਰੋ।<br>• ਜੇ ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕਰਦੇ ਹੋ ਜਿਸ ਦਾ ਟ੍ਰੀਟਮੈਂਟ ਹੋਣਾ ਤਾਂ ਚਾਹੀਦਾ ਸੀ ਪਰ ਹੋਇਆ ਨਹੀਂ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। | • ਆਪਣਾ ਟ੍ਰੀਟਮੈਂਟ ਸ਼ੁਰੂ ਕਰਨ ਤੋਂ 1 ਹਫ਼ਤੇ (7 ਦਿਨ) ਤਕ ਸੰਭੋਗ ਨਾ ਕਰੋ।<br>• ਇਨਫ਼ੈਕਸ਼ਨ ਦੇ ਇਲਾਜ ਅਤੇ ਗੁੰਝਲਾਂ ਦੀ ਰੋਕਥਾਮ ਲਈ ਪੂਰੇ ਤਿੰਨ ਹਫ਼ਤੇ ਦਾ ਟ੍ਰੀਟਮੈਂਟ ਮੁਕੰਮਲ ਕਰਨਾ ਬਹੁਤ ਮਹੱਤਵਪੂਰਣ ਹੈ। |
| **ਫ਼ਾਲੋ-ਅੱਪ ਬਲੱਡ ਟੈਸਟ** | |
| • ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਫ਼ਾਲੋ-ਅੱਪ ਟੈਸਟਿੰਗ ਸੰਬੰਧੀ ਸਿਫ਼ਾਰਿਸ਼ਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।<br>• ਬਹੁਤੇ ਲੋਕਾਂ ਲਈ ਇਸ ਦਾ ਮਤਲਬ ਹੈ 2 ਸਾਲਾਂ ਤਕ ਹਰ 3-6 ਮਹੀਨੇ ਬਾਅਦ ਸਿਫ਼ਲਿਸ ਬਾਰੇ ਪਤਾ ਕਰਨ ਲਈ ਟੈਸਟਿੰਗ।<br>• ਨੋਟ: ਤੁਹਾਡਾ ਸਿਫ਼ਲਿਸ ਈ.ਆਈ.ਏ. ਸਕ੍ਰੀਨਿੰਗ ਟੈਸਟ ਆਮ ਤੌਰ 'ਤੇ ਇਲਾਜ ਤੋਂ ਬਾਅਦ ਵੀ ਤੁਹਾਡੀ ਸਾਰੀ ਉਮਰ ਲਈ ਪੌਜ਼ੀਟਿਵ (ਰੀਐਕਟਿਵ) ਰਹੇਗਾ। ਹਰ ਵਾਰ ਜਦੋਂ ਤੁਸੀਂ ਟੈੱਸਟ ਕਰਵਾਉਗੇ ਤਾਂ ਲੈਬ ਵਿਚ ਦੂਜਾ ਟੈੱਸਟ ਇਹ ਪਤਾ ਕਰਨ ਲਈ ਕੀਤਾ ਜਾਏਗਾ ਕਿ ਤੁਹਾਨੂੰ ਨਵੀਂ ਇਨਫੈਕਸ਼ਨ ਹੋਈ ਹੈ ਜਾਂ ਹੋਰ ਵਾਧੂ ਇਲਾਜ ਚਾਹੀਦਾ ਹੈ।<br>• ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਤੁਹਾਨੂੰ ਉਸ ਸਮੇਂ ਹੋਰ ਸਿਫ਼ਾਰਿਸ਼ਾਂ ਬਾਰੇ ਸਲਾਹ ਦਿੱਤੀ ਜਾਵੇਗੀ। | • ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਫ਼ਾਲੋ-ਅੱਪ ਟੈਸਟਿੰਗ ਸੰਬੰਧੀ ਸਿਫ਼ਾਰਿਸ਼ਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।<br>• ਬਹੁਤੇ ਲੋਕਾਂ ਲਈ ਇਸ ਦਾ ਮਤਲਬ ਹੈ 2 ਸਾਲਾਂ ਤਕ ਹਰ 3-6 ਮਹੀਨੇ ਬਾਅਦ ਸਿਫ਼ਲਿਸ ਬਾਰੇ ਪਤਾ ਕਰਨ ਲਈ ਟੈਸਟਿੰਗ।<br>• ਨੋਟ: ਤੁਹਾਡਾ ਸਿਫ਼ਲਿਸ ਈ.ਆਈ.ਏ. ਟੈਸਟ ਆਮ ਤੌਰ 'ਤੇ ਇਲਾਜ ਤੋਂ ਬਾਅਦ ਵੀ ਸਾਰੀ ਉਮਰ ਲਈ ਪੌਜ਼ੀਟਿਵ (ਰੀਐਕਟਿਵ) ਰਹੇਗਾ। ਤੁਹਾਡੀ ਇਨਫ਼ੈਕਸ਼ਨ ਦਾ ਮੁਕੰਮਲ ਇਲਾਜ ਯਕੀਨੀ ਬਣਾਉਣ ਵਾਸਤੇ ਵਾਧੂ ਬਲੱਡ ਟੈਸਟ ਕੀਤੇ ਜਾਣਗੇ। |